**16ਵੀਂ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਛੇਵਾਂ (ਬਜਟ) ਸਮਾਗਮ** **ਬੁਲੇਟਿਨ ਨੰ: 3**

**ਮੰਗਲਵਾਰ, 05 ਮਾਰਚ, 2024**

(10.02 ਵਜੇ ਸਵੇਰ ਤੋਂ 12.39 ਵਜੇ ਬਾਅਦ ਦੁਪਹਿਰ ਤੱਕ)

1. **ਪ੍ਰਸ਼ਨ**

**(ੳ) ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 13 | 2 | - | 5 | 19 |

**(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 13**

2. **ਮਾਣਯੋਗ ਸਪੀਕਰ ਵੱਲੋਂ ਰੂਲਿੰਗ**

1) ਪ੍ਰਸ਼ਨ ਕਾਲ ਦੌਰਾਨ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੀ ਮੈਂਬਰ ਸ੍ਰੀਮਤੀ ਅਰੁਣਾ ਚੌਧਰੀ ਵੱਲੋਂ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਵੱਲੋਂ ਲਏ ਗਏ ਇੱਕ ਫੈਸਲੇ /ਸਿਫਾਰਿਸ਼ ਤੇ ਕਾਰਜਪਾਲਿਕਾ ਵੱਲੋਂ ਕਾਰਵਾਈ ਨਾ ਕਰਨ ਸਬੰਧੀ ਸਦਨ ਵਿੱਚ ਉਠਾਏ ਗਏ ਮਾਮਲੇ ਦੇ ਸੰਬੰਧ ਵਿੱਚ ਮਾਣਯੋਗ ਸਪੀਕਰ ਵੱਲੋਂ ਇਹ ਰੂਲਿੰਗ ਦਿੱਤੀ ਗਈ ਕਿ ਜਿਹੜੀਆਂ ਵਿਧਾਨ ਸਭਾ ਦੀਆਂ ਕਮੇਟੀਆਂ ਹਨ, ਉਨ੍ਹਾਂ ਨੂੰ ਵੀ ਉਹੀ ਵਿਸ਼ੇਸ਼ ਅਧਿਕਾਰ ਹਾਸਲ ਹਨ, ਜਿਹੜੇ ਕਿ ਸਮੁੱਚੀ ਵਿਧਾਨ ਸਭਾ ਨੂੰ ਹਨ । ਸਰਕਾਰ ਦਾ ਕਾਰਜਪਾਲਿਕਾ ਵਿੰਗ ਵਿਧਾਨਪਾਲਿਕਾ ਨੂੰ ਜਵਾਬਦੇਹ ਹੈ, ਨਾ ਕਿ ਵਿਧਾਨ ਸਭਾ ਕਾਰਜਪਾਲਿਕਾ ਨੂੰ। ਇਸ ਲਈ ਜਿਹੜੀਆਂ ਵੀ ਸਿਫਾਰਸ਼ਾਂ ਕਮੇਟੀਆਂ ਵੱਲੋਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਤੇ ਸਰਕਾਰ ਵੱਲੋਂ ਅਮਲ ਕਰਨਾ ਬਣਦਾ ਹੈ।

ਮਾਣਯੋਗ ਸਪੀਕਰ ਨੇ ਮਾਣਯੋਗ ਮੁੱਖ ਮੰਤਰੀ ਨੂੰ ਇਸ ਵੱਲ ਖਾਸ ਧਿਆਨ ਦੇਣ ਲਈ ਕਿਹਾ ।

2) ਮਾਣਯੋਗ ਮੁੱਖ ਮੰਤਰੀ ਵੱਲੋਂ ਸਦਨ ਵਿੱਚ ਇਹ ਮਾਮਲਾ ਉਠਾਏ ਜਾਣ ਤੇ ਕਿ ਪ੍ਰਸ਼ਨ ਕਾਲ ਦੌਰਾਨ ਮੈਂਬਰਾਂ ਵੱਲੋਂ ਪਿਛਲੀ ਚੱਲ ਰਹੀ ਪ੍ਰਥਾ ਅਨੁਸਾਰ ਨਿਸ਼ਾਨ ਵਾਲੇ ਪ੍ਰਸ਼ਨ ਨੰਬਰ ਦੀ ਜਗ੍ਹਾ ਨਵੀਂ ਪਿਰਤ ਪਾਉਂਦਿਆਂ ਸਾਰੇ ਪ੍ਰਸ਼ਨ ਦੀ ਇਬਾਰਤ ਬੋਲੀ ਜਾਵੇ ਤਾਂ ਕਿ ਆਮ ਪਬਲਿਕ ਨੂੰ ਵੀ ਪਤਾ ਲੱਗ ਸਕੇ ਕਿ ਕਿਸੇ ਮੈਂਬਰ ਵੱਲੋਂ ਕਿਸ ਵਿਸ਼ੇ ਤੇ ਪ੍ਰਸ਼ਨ ਪੁੱਛਿਆ ਜਾ ਰਿਹਾ ਹੈ। ਇਸ ਤੇ ਮਾਣਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਇਹ ਰੂਲਿੰਗ ਦਿੱਤੀ ਗਈ ਕਿ ਅੱਜ ਤੋਂ ਇੱਕ ਨਵੀਂ ਪਿਰਤ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਕਿ ਅੱਜ ਤੋਂ ਪ੍ਰਸ਼ਨਕਾਲ ਵਿੱਚ ਮਾਣਯੋਗ ਮੈਂਬਰ ਆਪਣਾ ਸਵਾਲ ਪੂਰਾ ਬੋਲ ਕੇ ਪੁੱਛਿਆ ਕਰਨ ਜਾਂ ਉਸ ਦਾ ਵਿਸ਼ਾ ਬੋਲ ਦਿਆ ਕਰਨ ਤਾਂ ਜੋ ਸਦਨ ਤੋਂ ਬਾਹਰ ਸੁਣ ਰਹੇ ਲੋਕਾਂ ਨੂੰ ਵੀ ਪੂਰੇ ਸਵਾਲ ਦਾ ਪਤਾ ਲੱਗ ਸਕੇ।

3. **ਮਾਣਯੋਗ ਸਪੀਕਰ ਵੱਲੋਂ ਪ੍ਰੇਖਣ:**

ਮਾਣਯੋਗ ਸਪੀਕਰ ਵੱਲੋਂ ਪ੍ਰੇਖਣ ਕੀਤਾ ਗਿਆ ਕਿ ਪ੍ਰਸ਼ਨ ਕਾਲ ਦੌਰਾਨ ਕਈ ਮੈਂਬਰ ਸਪਲੀਮੈਂਟਰੀ ਸਵਾਲ ਪੁੱਛਣ ਦੀ ਜਗ੍ਹਾ ਭਾਸ਼ਣ ਦੇਣ ਲੱਗ ਜਾਂਦੇ ਹਨ, ਜਿਸ ਕਾਰਨ ਇੱਕ ਸਵਾਲ ਤੇ ਹੀ ਕਾਫੀ ਟਾਈਮ ਲੱਗ ਜਾਂਦਾ ਹੈ, ਤੇ ਹੋਰ ਬਾਕੀ ਰਹਿੰਦੇ ਪ੍ਰਸ਼ਨ ਟੇਕਅਪ ਹੋਣ ਤੋਂ ਰਹਿ ਜਾਂਦੇ ਹਨ। ਇਸ ਲਈ ਮੈਂਬਰ ਪ੍ਰਸ਼ਨ ਕਾਲ ਦੌਰਾਨ ਆਪਣੇ ਆਪ ਨੂੰ ਸਪਲੀਮੈਂਟਰੀ ਸਵਾਲ ਪੁੱਛਣ ਤੱਕ ਹੀ ਸੀਮਤ ਰੱਖਣ। ਉਨ੍ਹਾਂ ਇਹ ਵੀ ਪ੍ਰੇਖਣ ਕੀਤਾ ਕਿ ਜਿਨ੍ਹਾਂ ਮਾਣਯੋਗ ਵਿਧਾਇਕਾਂ ਦੀ

ਪਹਿਲੇ ਜਵਾਬ ਤੋਂ ਸੰਤੁਸ਼ਟੀ ਹੋ ਜਾਂਦੀ ਹੈ, ਉਹ ਬੈਠੇ ਰਿਹਾ ਕਰਨ ਪਰ ਜੇ ਕਿਸੇ ਮੈਂਬਰ ਨੇ ਸਪਲੀਮੈਂਟਰੀ ਕਰਨੀ ਹੈ ਤਾਂ ਉਹ 'ਸਪਲੀਮੈਂਟਰੀ' ਸ਼ਬਦ ਕਹਿ ਕੇ ਇਸ਼ਾਰਾ ਕਰ ਦਿਆ ਕਰਨ ਤਾਂ ਕਿ ਸਦਨ ਦਾ ਕੀਮਤੀ ਸਮਾਂ ਬਚ ਸਕੇ।

**4. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 2 ਅਧੀਨ ਦਰਸਾਏ ਗਏ ਲੜੀ ਨੰ: 1 ਤੇ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

**5. ਵਿੱਤੀ ਕੰਮ-ਕਾਰ**

1) **ਵਾਧੂ ਮੰਗਾਂ**

I. **ਸਾਲ 2019-20 ਅਤੇ 2021-22, ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਪੇਸ਼ ਕਰਨੀਆਂ।**

II. **ਸਾਲ 2019-20 ਅਤੇ 2021-22, ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਉੱਤੇ ਵੋਟਿੰਗ।**

ਵਿੱਤ ਮੰਤਰੀ ਨੇ ਸਾਲ 2019-20 ਅਤੇ 2021-22, ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਪੇਸ਼ ਕੀਤੀਆਂ।

ਕਾਰਜ ਸੂਚੀ ਵਿਚ ਦਰਜ ਸਾਲ 2019-20 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗ ਨੰ: 21,37,41 ਅਤੇ ਸਾਲ 2021-22 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗ ਨੰ: 9,21,37 ਇਕੱਠੀਆਂ ਹੀ ਸਦਨ ਦੀ ਬਹਿਸ ਅਤੇ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

III. **ਪੰਜਾਬ ਨਮਿੱਤਣ (ਨੰ:1) ਬਿਲ, 2024**

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ (ਨੰ:1) ਬਿਲ, 2024 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4, ਸ਼ਡਿਊਲ 1 ਅਤੇ 2, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਕਿ ਪੰਜਾਬ ਨਮਿੱਤਣ (ਨੰ:1) ਬਿਲ, 2024 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

2) **ਅਨੁਪੂਰਕ ਮੰਗਾਂ**

I. ਵਿੱਤ ਮੰਤਰੀ ਨੇ ਸਾਲ 2023-24 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕੀਤੀਆਂ।

II. ਅਨੁਮਾਨ ਕਮੇਟੀ ਦੇ ਸਭਾਪਤੀ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਨੇ ਸਾਲ 2023-24 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ।

III. ਸਾਲ 2023-24 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ।

**1.** ਰਾਜ ਦੇ ਮਾਲੀਏ ਤੇ ਪਾਰਿਤ ਖਰਚੇ ਦੇ ਅਨੁਮਾਨਾਂ ਤੇ ਬਹਿਸ।

**2.** ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਤੇ ਵੋਟਿੰਗ

ਕਾਰਜਸੂਚੀ ਵਿੱਚ ਦਰਜ ਮੰਗ ਨੰ.1 ਤੋਂ 17, 19 ਤੋਂ 27, 29 ਤੋਂ 38 ਅਤੇ 40 ਤੋਂ 42 ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

IV. **ਪੰਜਾਬ ਨਮਿੱਤਣ (ਨੰ:2) ਬਿਲ, 2024**

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ (ਨੰ:2) ਬਿਲ, 2024 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ ਪੰਜਾਬ ਨਮਿੱਤਣ (ਨੰ:2) ਬਿਲ, 2024 ਪਾਸ ਕੀਤਾ ਜਾਵੇ, ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

6. **ਸਾਲ 2024-2025 ਲਈ ਬਜਟ ਅਨੁਮਾਨ ਪੇਸ਼ ਕਰਨਾ**

ਵਿੱਤ ਮੰਤਰੀ ਨੇ ਸਾਲ 2024-25 ਲਈ ਬਜਟ ਅਨੁਮਾਨ ਪੇਸ਼ ਕੀਤੇ ਅਤੇ ਅਜਿਹਾ ਕਰਦੇ ਹੋਏ ਉਹ 01 ਘੰਟੇ 21 ਮਿੰਟ ਲਈ ਬੋਲੇ।

7. **ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਣਯੋਗ ਸਪੀਕਰ ਵੱਲੋਂ ਸਦਨ ਦੇ ਨੇਤਾ ਅਤੇ ਮਾਣਯੋਗ ਮੁੱਖ ਮੰਤਰੀ ਜੀ ਦੇ ਸਤਿਕਾਰਯੋਗ ਮਾਤਾ ਜੀ ਸਰਦਾਰਨੀ ਹਰਪਾਲ ਕੌਰ ਜੀ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ।

ਮਾਣਯੋਗ ਡਿਪਟੀ ਸਪੀਕਰ ਨੇ 12:19 ਵਜੇ ਤੋਂ 12.25 ਵਜੇ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ, ਸਦਨ ਬੁੱਧਵਾਰ ਮਿਤੀ 06 ਮਾਰਚ, 2024 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ** — **ਰਾਮ ਲੋਕ ਖਟਾਣਾ**

**05 ਮਾਰਚ, 2024** — **ਸਕੱਤਰ।**